**ਅਤਿ ਜ਼ਰੂਰੀ** ਪੰਜਾਬ ਸਰਕਾਰ
**ਮੀਟਿੰਗ** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ
**ਮਿਤੀ 27.9.11** (ਏ.ਆਈ.ਯੂਨਿਟ)

ਸੇਵਾ ਵਿਖੇ,

1. ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।
2. ਸਮੂਹ ਡਵੀਜ਼ਨਲ ਡਿਪਟੀ ਡਾਇਰੈਕਟਰ,(ਪੰਚਾਇਤ) (ਫੈਕਸ ਰਾਹੀਂ)
3. ਸਮੂਹ ਉਪ ਮੁੱਖ ਕਾਰਜਕਾਰੀ ਅਫਸਰ,ਜਿਲਾ ਪ੍ਰੀਸ਼ਦ।
4. ਸਮੂਹ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ।

ਮੀਮੋ ਨੰ:2/3/11-ਏ.ਆਈ.ਯੂ/
ਐਸ.ਏ.ਐਸ.ਨਗਰ, ਮਿਤੀ:

**ਵਿਸ਼ਾ: ਵਿਭਾਗ ਦੀਆਂ ਗਤੀਵਿਧੀਆ ਦੀ ਸਮੀਖਿਆ ਕਰਨ ਲਈ ਮੀਟਿੰਗ ਕਰਨ ਬਾਰੇ।**

ਮਾਨਯੋਗ ਵਿੱਤੀ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਵਿਭਾਗ ਦੀਆਂ ਗਤੀਵਿਧੀਆਂ ਅਤੇ ਕਰਵਾਏ ਜਾ ਰਹੇ ਵਿਕਾਸ ਦੇ ਕੰਮਾਂ ਦੀ ਸਮੀਖਿਆ ਕਰਨ ਲਈ **ਵਿਕਾਸ ਭਵਨ, ਸੈਕਟਰ 62, ਐਸ.ਏ.ਐਸ.ਨਗਰ ਵਿਖੇ ਮਿਤੀ 27.9.110 ਨੂ 11.30 ਵਜੇ ਸਵੇਰੇ** ਹੇਠ ਲਿਖੇ ਅਧਿਕਾਰੀਆਂ ਦੀ ਮੀਟਿੰਗ ਹੋਵੇਗੀ :-

| **ਮਿਤੀ** | **ਸਮਾਂ** | **ਹਾਜਰ ਹੋਣ ਵਾਲੇ ਅਧਿਕਾਰੀ** |
|---|---|---|
| 27.9.11 | 11.30 (ਸਵੇਰੇ) | 1. ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)<br>2. ਸਮੂਹ ਡਵੀਜ਼ਨਲ ਡਿਪਟੀ ਡਾਇਰੈਕਟਰ (ਪੰਚਾਇਤ)<br>3. ਸਮੂਹ ਉਪ ਮੁੱਖ ਕਾਰਜਕਾਰੀ ਅਫਸਰ,<br>4. ਸਮੂਹ ਜਿਲਾ ਵਿਕਾਸ ਤੇ ਪੰਚਾਇਤ ਅਫਸਰ |

ਉਪਰੋਕਤ ਦੇ ਸਬੰਧ ਵਿੱਚ ਸਮੂਹ ਡਵੀਜ਼ਨਲ ਡਿਪਟੀ ਡਾਇਰੈਕਟਰ (ਪੰਚਾਇਤ) ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ-ਆਪਣੀ **ਡਵੀਜ਼ਨ ਦੇ ਅਧਿਕਾਰੀਆਂ ਨੂੰ ਮੀਟਿੰਗ ਵਿੱਚ ਹਾਜਰ ਹੋਣ ਸਬੰਧੀ ਸੂਚਿਤ ਕਰਦੇ ਹੋਏ ਇਸ ਨਾਲ ਨੱਥੀ ਕੀਤੇ ਗਏ ਏਜੰਡੇ ਅਨੁਸਾਰ ਮਿਤੀ 31.8.11** ਤੱਕ ਦੀਆਂ ਪ੍ਰਗਤੀ ਰਿਪੋਰਟਾਂ ਸਬੰਧਤ ਬਰਾਂਚਾਂ ਨੂੰ ਮਿਤੀ **22.9.11 ਨ ਸ਼ਾਮ 4.00** ਵਜੇ ਤੱਕ ਹਰ ਹਾਲਤ ਵਿੱਚ ਭੇਜੀਆਂ ਜਾਣਾ ਯਕੀਨੀ ਬਣਾਉਣ।

ਇਸ ਨੂੰ ਪਰਮ-ਅਗੇਤ ਦਿੱਤੀ ਜਾਵੇ।

**ਡਿਪਟੀ ਡਾਇਰੈਕਟਰ (ਪੰਚਾਇਤ)**

ਪਿ.ਅੰ.ਨੰ:2/3/11-ਏ.ਆਈ.ਯੂ/ ਐਸ.ਏ.ਐਸ.ਨਗਰ, ਮਿਤੀ:

ਉਪਰੋਕਤ ਦਾ ਇਕ ਉਤਾਰਾ ਨਿਗਰਾਨ ਇੰਜੀਨਿਅਰ (ਪਰਸ) ਅਤੇ ਸਦਰ ਮੁਕਾਮ ਤੇ ਤੈਨਾਤ ਸਮੂਹ ਅਧਿਕਾਰੀਆਂ/ਬਰਾਂਚ ਇੰਚਾਰਜਾਂ ਨੂੰ (ਏਜੰਡਾ ਦੀ ਕਾਪੀ ਨਾਲ ਨੱਥੀ) ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਬਰਾਂਚਾਂ ਦੀ 31.8.11 ਤੱਕ ਦੀ ਪ੍ਰਗਤੀ ਰਿਪੋਰਟਾਂ ਪੰਜ ਪਰਤਾਂ ਵਿੱਚ ਮਿਤੀ **23.9.11 ਨੂੰ ਬਾਅਦ ਦੁਪਹਿਰ 3.00** ਵਜੇ ਤੱਕ ਹਰ ਹਾਲਤ ਵਿੱਚ ਇਸ ਯੂਨਿਟ ਨੂੰ ਭੇਜਣ ਦੀ ਖੇਚਲ ਕਰਨ।

**ਡਿਪਟੀ ਡਾਇਰੈਕਟਰ (ਪੰਚਾਇਤ)**

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਵਿੱਤੀ ਕਮਿਸ਼ਨਰ ਪੇਂਡੂ ਵਿਕਾਸ ਤੇ ਪੰਚਾਇਤ।
2. ਨਿੱਜੀ ਸਹਾਇਕ/ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ।
3. ਨਿੱਜੀ ਸਹਾਇਕ/ਸੰਯੁਕਤ ਕਮਿਸ਼ਨਰ ਵਿਕਾਸ ।
4. ਸੁਪਰਡੰਟ ਪ੍ਰਸ਼ਾਸ਼ਨ,(ਕੇਅਰਟੇਕਰ), ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਡੀਡੀ(ਐਲ.ਡੀ) ਦੇ ਆਦੇਸ਼ਾਂ ਅਨੁਸਾਰ ਲੋੜੀਂਦੀ ਕਾਰਵਾਈ/ਪ੍ਰਬੰਧ ਕਰਨ ।
5. ਆਰਟ ਸੈਕਸ਼ਨ।

**ਡਿਪਟੀ ਡਾਇਰੈਕਟਰ(ਪੰਚਾਇਤ)**

ਅੰ.ਵਿ.ਪੱ.ਨੰ:2/3/11-ਏ.ਆਈ.ਯੂ/

ਐਸ.ਏ.ਐਸ.ਨਗਰ, ਮਿਤੀ:

# ਮਹੀਨਾਵਾਰ ਮੀਟਿੰਗ ਦਾ ਏਜੰਡਾ ( ਮਿਤੀ 31.8.11 ਤੱਕ ਦੀ ਸੂਚਨਾ)

| ਲੜੀ | ਮੱਦ ਦਾ ਵੇਰਵਾ | ਬਰਾਂਚ | ਸਬੰਧਤ ਅਧਿਕਾਰੀ |
|---|---|---|---|
| 1 | ਵਿਅਕਤੀਗਤ ਪਖਾਨਿਆਂ ਦੀ ਉਸਾਰੀ<br>1) 50 ਕਰੋੜ ਰੁਪਏ ਦੀ ਲਾਗਤ ਨਾਲ ਪੰਚਾਇਤਾਂ ਵੱਲੋਂ ਉਸਾਰੇ ਜਾ ਰਹੇ ਪਖਾਨਿਆਂ ਦੀ ਪ੍ਰਗਤੀ।<br>2) ਮੰਡੀ ਬੋਰਡ ਅਤੇ ਪੀ.ਡਬਲਿਊ.ਡੀ.ਵੱਲੋਂ ਉਸਾਰੇ ਜਾ ਰਹੇ ਪਖਾਨਿਆਂ ਲਈ ਲਾਭਪਾਤਰੀਆਂ ਦੀ ਚੋਣ। | ਨਿਗਰਾਨ ਇੰਜੀਨੀਅਰ ਪਲਾਨਿੰਗ ਬਰਾਂਚ | ਡੀ.ਡੀ.(ਐਲ.ਡੀ.)/ ਐਸ.ਈ. (ਪੰਚਾਇਤੀ ਰਾਜ) |
| 2 | ਸਾਲ 2011-12 ਦੌਰਾਨ ਸ਼ਾਮਲਾਤ ਜਮੀਨਾਂ ਨੂੰ ਲੀਜ਼ ਤੇ ਦਿੱਤੇ ਜਾਣ ਸਬੰਧੀ ਰਿਪੋਰਟ । | ਸ਼ਾਮਲਾਤ | ਡੀ.ਡੀ.(ਐਲ.ਡੀ.) |
| 3 | ਨਜਾਇਜ਼ ਕਬਜਿਆਂ ਹੇਠ ਰਕਬਾ ਅਤੇ ਨਜਾਇਜ਼ ਕਬਜੇ ਛੁਡਾਉਣ ਲਈ ਕੀਤੀ ਗਈ ਕਾਰਵਾਈ ਬਾਰੇ। | ਉਹੀ | ਉਹੀ |
| 4 | ਡਾਇਰੈਕਟਰ/ਜੇ.ਡੀ.ਸੀ ਕਮ ਕਮਿਸ਼ਨਰ ਜੀ ਦੀ ਅਦਾਲਤ ਵਿੱਚ ਚਲ ਰਹੇ ਕੇਸਾਂ/ਅਪੀਲਾਂ ਸਬੰਧੀ। | ਰੀਡਰ/ਜੇ.ਡੀ.ਸੀ ਡੀਆਰਡੀਪੀ | ਡੀ.ਆਰ.ਡੀ.ਪੀ. |
| 5 | 13ਵੇਂ ਵਿੱਤ ਕਮਿਸ਼ਨ ਤਹਿਤ ਜਨਵਰੀ ਅਤੇ ਅਪ੍ਰੈਲ 2011 ਦੌਰਾਨ ਛੱਪੜਾਂ ਦੇ ਵਿਕਾਸ ਲਈ ਦਿੱਤੀ ਰਕਮ ਖਰਚ ਕਰਨ ਬਾਰੇ। | ਬਜਟ ਸ਼ਾਖਾ | ਡੀ.ਡੀ.ਐਮ. |
| 6 | 13ਵੇਂ ਵਿੱਤ ਕਮਿਸ਼ਨ ਤਹਿਤ ਸਾਲ 2010-11 ਲਈ ਪ੍ਰਾਪਤ ਹੋਣ ਵਾਲੀ ਦੂਜੀ ਕਿਸ਼ਤ ਲਈ ਪਿੰਡਾਂ ਦੀ ਸਿਫਾਰਸ਼ ਭੇਜਣ ਬਾਰੇ। | ਉਹੀ | ਉਹੀ |
| 7 | 12ਵੇਂ ਵਿੱਤ ਕਮਿਸ਼ਨ ਤਹਿਤ ਸਾਲ 2008-09 ਦੌਰਾਨ ਜਾਰੀ ਕੀਤੀ ਗਈ ਪਹਿਲੀ ਅਤੇ ਦੂਜੀ ਕਿਸ਼ਤ ਦੇ ਵਰਤੋਂ ਸਰਟੀਫਿਕੇਟ ਭੇਜਣ ਬਾਰੇ। | ਉਹੀ | ਉਹੀ |
| 8 | ਆਰ.ਡੀ.ਐਫ. ਤਹਿਤ ਸਾਲ 2010-11 ਅਤੇ 2011-12 ਦੌਰਾਨ ਜਾਰੀ ਕੀਤੀਆਂ ਗਰਾਟਾਂ ਦੇ ਵਰਤੋਂ ਸਰਟੀਫਿਕੇਟ ਜਾਰੀ ਕਰਨ ਬਾਰੇ। | ਉਹੀ | ਉਹੀ |
| 9 | ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੀਆਂ ਜਾਇਦਾਦਾਂ ਦੇ ਕਿਰਾਏ ਦੀ ਰਿਕਵਰੀ ਅਤੇ ਆਰ.ਟੀ.ਆਈ. ਰੀਵਿਊ ਏਜੰਡਾ | ਬਜਟ | ਡੀ.ਡੀ.(ਇ.ਪ੍ਰੋ) |
| 10 | ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੀਆਂ ਜਾਇਦਾਦਾਂ ਤੇ ਕੀਤੇ ਨਜਾਇਜ਼ ਕਬਜਿਆਂ ਦੇ ਰਕਬੇ ਅਤੇ ਨਜਾਇਜ਼ ਕਬਜੇ ਛੁਡਾਉਣ ਸਬੰਧੀ। | ਬਜਟ | ਉਹੀ |
| 11 | ਪਲਾਨ ਸਕੀਮ ਆਰ.ਡੀ.ਓ (ਡੀ) ਮਹਿਲਾ ਮੰਡਲਾਂ ਨੂੰ ਉਤਸ਼ਾਹਿਤ ਕਰਨ/ਬਰਤਨ ਦੇਣ ਸਬੰਧੀ। | ਖਾਸ ਪ੍ਰੋਗਰਾਮ | ਡੀ.ਡੀ.(ਇ.ਪ੍ਰੋ) |
| 12 | ਆਰ.ਐਮ.ਓ/ਵੈਟਨਰੀ ਡਾਕਟਰ/ਈਟੀਟੀ ਟੀਚਰਾਂ ਦੀ ਹਾਜਰੀ ਦੀ ਚੈਕਿੰਗ ਕਰਨ ਬਾਰੇ, ਸਮੇਂ ਸਿਰ ਤਨਖਾਹਾਂ ਦੇਣ ਬਾਰੇ ਅਤੇ ਮਿਡ-ਡੇ ਮੀਲ ਸਕੀਮ ਬਾਰੇ | ਈਟੀਟੀ | ਡੀ.ਡੀ(ਐਚ) |
| 13 | ਸਰਪੰਚਾਂ/ਪੰਚਾਂ ਵਿਰੁੱਧ ਮੁਢਲੀਆਂ ਅਤੇ ਰੈਗੂਲਰ ਪੜਤਾਲਾਂ ਦੇ ਨਿਪਟਾਰੇ ਅਤੇ ਉਸ ਵਿੱਚ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਭੂਮਿਕਾ ਸਬੰਧੀ। | ਸ਼ਿਕਾਇਤ ਸ਼ਾਖਾ | ਐਲ.ਓ.(.ਏ) |
| 14 | ਬੀ.ਡੀ.ਪੀ.ਓ., ਡੀ.ਡੀ.ਪੀ.ਓ. ਅਤੇ ਡੀ.ਡੀ.ਡੀ.ਪੀ ਵਲੋਂ ਪੰਚਾਇਤਾਂ ਦੀਆਂ ਇੰਨਸਪੈਕਸ਼ਨਾਂ ਕਰਨ ਸਬੰਧੀ ਪ੍ਰਗਤੀ ਰਿਪੋਰਟਾਂ । | ਜਨਰਲ | ਡੀਡੀਪੀਓ(ਮੁ.ਦ) |
| 15 | ਈ.ਪੰਚਾਇਤ ਪ੍ਰੋਜੈਕਟ (ਪੰਚਾਇਤਾਂ ਦੀ ਕੰਪਊਟਰਾਇਜੇਸ਼ਨ ਬਾਰੇ) ਪ੍ਰੀਆ ਸੋਫਟ/ਪ੍ਰੋਫਾਇਲਰ/ਪਲਾਨ ਪਲੱਸ (ਕੇਵਲ ਹੁਸ਼ਿਆਰਪੁਰ) ਪੋਰਟਲ। | | ਉਹੀ |
| 16 | ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਮੁਢਲੀਆਂ ਅਤੇ ਰੈਗੂਲਰ ਪੜਤਾਲਾਂ ਦੇ ਨਿਪਟਾਰੇ ਸਬੰਧੀ। | | ਉਪ ਸਕੱਤਰ/ ਅਧੀਨ ਸਕੱਤਰ |